Alberta

# ਨਿਊਜ਼ ਰਿਲੀਜ਼

# ਨਵੇਂ ਆਇਆਂ 'ਚੋਂ ਸਿਰਕੱਢ ਵਿਅਕਤੀਆਂ ਨੂੰ ਮਾਨਤਾ ਦੇਣਾ

8 ਮਈ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਵਾਸੀਆਂ ਨੂੰ ਉਨ੍ਹਾਂ ਨਵੇਂ ਆਏ ਵਿਅਕਤੀਆਂ ਨੂੰ ਨਾਮਜ਼ਦ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿੰਨ੍ਹਾਂ ਨੇ ਆਪਣੀਆਂ ਕਮਿਊਨਿਟੀਆਂ 'ਚ ਮਹੱਤਵਪੂਰਨ ਯੋਗਦਾਨ ਪਾਇਆ ਹੋਵੇ।

ਐਲਬਰਟਾ ਕਈ ਵਿਭਿੰਨ ਪਿੱਠਭੂੰਮੀਆਂ ਵਾਲੇ ਵਿਅਕਤੀਆਂ ਅਤੇ ਪਰਿਵਾਰਾਂ ਦਾ ਘਰ ਹੈ ਅਤੇ ਉਹ ਆਪਣੀਆਂ ਕਮਿਊਨਿਟੀਆਂ 'ਤੇ ਸਕਾਰਾਤਮਕ ਪ੍ਰਕਾਰ ਦਾ ਅਸਰ ਪਾਉਣ 'ਚ ਮਦਦ  ਕਰ ਰਹੇ ਹਨ। ਐਲ਼ਬਰਟਾ ਨਿਊਕਮਰ ਰੈਕੋਗਨਿਸ਼ਨ ਐਵਾਰਡਜ਼ ਉਨ੍ਹਾਂ ਨਵੇਂ ਆਇਆਂ ਦਾ ਸਨਮਾਨ ਕਰਨ ਦਾ ਇਕ ਮੌਕਾ ਹਨ, ਜਿਹੜੇ ਇਸ ਸੂਬੇ ਨੂੰ ਆਪਣੀਆਂ ਵਾਲੰਟੀਅਰ ਕਾਰਵਾਈਆਂ, ਲੀਡਰਸ਼ਿੱਪ, ਬਿਜ਼ਨਸ ਵਿਚ ਨਵੀਨਤਾਵਾਂ, ਅਕਾਦਮਿਕ ਜਾਂ ਪ੍ਰੋਫੈਸ਼ਨਲ ਖੇਤਰ 'ਚ ਪ੍ਰਾਪਤੀਆਂ, ਜਾਂ ਵਧੇਰੇ ਸਵਾਗਤੀ ਅਤੇ ਸੰਮਿਲਤ ਪ੍ਰਕਾਰ ਦੀਆਂ ਕਮਿਊਨਿਟੀਆਂ ਸਿਰਜਣ ਦੁਆਰਾ ਅਮੀਰ ਬਣਾ ਰਹੇ ਹਨ।

ਐਲਬਰਟਾ ਨਿਵਾਸੀ ਹੁਣ ਐਲਬਰਟਾ ਨਿਊਕਮਰ ਰੈਕੋਗਨਿਸ਼ਨ ਐਵਾਰਡਜ਼ ਵਾਸਤੇ ਆਪਣੀਆਂ ਨਾਮਜ਼ਦਗੀਆਂ ਭੇਜਣ ਲਈ ਯੋਗ ਹਨ। ਐਵਾਰਡ ਸ਼੍ਰੇਣੀਆਂ ਨੌਜੁਆਵਾਂ, ਔਰਤਾਂ, ਸੀਨੀਅਰਾਂ, ਐਂਟਰਪ੍ਰਨਿਉਰਾਂ, ਅਕਾਦਮਿਕਾਂ, ਪ੍ਰੋਫੈਸ਼ਨਲਾਂ ਅਤੇ ਕਮਿਊਨਿਟੀ ਉਸਰੱਈਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦਿੰਦੀਆਂ ਹਨ। ਹਰੇਕ ਸ਼੍ਰੇਣੀ 'ਚ ਇਕ ਨਾਲੋਂ ਵੱਧ ਇਨਾਮ ਪ੍ਰਾਪਤਕਰਤਾ ਹੋ ਸਕਦੇ ਹਨ।

"ਨਵੇਂ ਆਏ ਲੋਕ ਐਲਬਰਟਾ 'ਚ ਨਵੇਂ ਹੁਨਰ, ਦ੍ਰਿਸ਼ਟੀਕੋਣ ਅਤੇ ਊਰਜਾ ਲੈ ਕੇ ਆਉਂਦੇ ਹਨ; ਉਹ ਬਿਜ਼ਨਸ ਸ਼ੁਰੂ ਕਰਦੇ, ਮੂਲ ਉਦਯੋਗਾਂ ਨੂੰ ਬਣਾਈ ਰੱਖਣ 'ਚ ਮਦਦ ਕਰਦੇ ਅਤੇ ਆਪਣੇ ਗੁਆਂਢ-ਭਾਈਚਾਰਿਆਂ, ਸਕੂਲਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਕ੍ਰਿਆਸ਼ੀਲ ਰੋਲ ਨਿਭਾਉਂਦੇ ਹਨ। ਉਹ ਵਿਭਿੰਨਤਾ ਅਤੇ ਸੱਭਿਆਚਾਰਕ ਜੀਵੰਤਤਾ ਵਧਾਉਂਦੇ ਹਨ। ਇਹ ਮਹੱਤਵਪੂਰਨ ਹੈ ਕਿ ਸਾਡੀਆਂ ਕਮਿਊਨਿਟੀਆਂ ਨੂੰ ਚੰਗੇਰੀਆਂ ਬਣਾਉਣ 'ਚ ਉਨ੍ਹਾਂ ਦੇ ਜ਼ਿਕਰਯੋਗ ਯੋਗਦਾਨਾਂ ਵਾਸਤੇ ਅਸੀਂ ਉਨ੍ਹਾਂ ਨੂੰ  ਮਾਨਤਾ ਦੇਣ ਵਾਸਤੇ ਸਮਾਂ ਕੱਢੀਏ, ਭਾਵੇਂ ਉਹ ਕਦੋਂ ਵੀ ਇੱਥੇ ਆਏ ਹੋਣ।"

*Muhammad Yaseen, ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਅਰਜ਼ੀਆਂ ਦਾ ਇਕ ਮਾਪਦੰਡ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਂਦਾ ਹੈ, ਜਿਵੇਂ ਕਿ ਨਾਮਜ਼ਦ ਕੀਤੇ ਜਾਣ ਵਾਲੇ ਵਿਅਕਤੀ ਦਾ ਕੁੱਲ ਮਿਲਾਕੇ ਯੋਗਦਾਨ, ਕਿਵੇਂ ਉਨ੍ਹਾਂ ਦੀਆਂ ਕਾਰਵਾਈਆਂ ਨੇ ਕੋਈ ਲੋੜ ਪੂਰੀ ਕੀਤੀ ਅਤੇ ਦੂਜਿਆਂ 'ਤੇ ਅਸਰ ਪਾਇਆ ਅਤੇ ਕਿਸੇ ਮੁਸ਼ਕਿਲ ਦਾ ਹੱਲ ਕਰਦਿਆਂ ਉਨ੍ਹਾਂ ਕਿਵੇਂ ਲੀਡਰਸ਼ਿੱਪ ਅਤੇ ਮੌਲਕਿਤਾ ਦਾ ਪ੍ਰਦਰਸ਼ਨ ਕੀਤਾ।

ਨਾਮਜ਼ਦਗੀਆਂ 20 ਜੂਨ ਦੁਪਹਿਰ ਤੱਕ ਖੁੱਲ੍ਹੀਆਂ ਹਨ।

ਇਨਾਮਾਂ ਦਾ ਇਹ ਪ੍ਰੋਗਰਾਮ ਇੰਮੀਗਰੈਂਟਾਂ ਦੀ ਸਹਾਇਤਾ ਵਾਸਤੇ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਕਈ ਪਹਿਲਕਦਮੀਆਂ 'ਚੋਂ ਇਕ ਹੈ, ਜਿੰਨ੍ਹਾਂ ਇੰਮੀਗਰੈਂਟਾਂ ਨੇ ਐਲਬਰਟਾ ਨੂੰ ਆਪਣਾ ਘਰ ਬਣਾਇਆ।

Alberta

# ਨਿਊਜ਼ ਰਿਲੀਜ਼

**ਫੌਰੀ ਤੱਥ**

- ਇਨਾਮਾਂ ਦੀਆਂ ਨੌਂ ਸ਼੍ਰੇਣੀਆਂ ਹਨ: ਕਰੀਅਰ ਐਂਡ ਅਕੈਡਮਿਕਸ ਕੰਟਰੀਬਿਊਸ਼ਨ, ਐਂਟਰਪ੍ਰੀਨਿਊਰੀਅਲ ਸਪਿਰਿਟ, ਇੰਨਕਲੂਸਿਵ ਵਰਕ ਪਲੇਸਜ਼, ਨਿਊਕਮਰ ਚੈਂਪੀਅਨ, ਸੀਨੀਅਰ ਸਪਿਰਿਟ ਐਵਾਰਡ, ਸਮਾਲ ਕਮਿਊਨਿਟੀ ਐਨਹਾਂਸਮੈਂਟ, ਸਟੂਡੈਂਟ ਇੰਸਪੀਰੇਸ਼ਨ, ਵੁਮੈੱਨ'ਜ਼ ਨਿਊਕਮਰ ਇੰਮਪੈਕਟ ਅਤੇ ਯੰਗ ਲੀਡਰ।
- ਨਾਮਜ਼ਦਗੀਆਂ ਜ਼ਰੂਰੀ ਤੌਰ 'ਤੇ ਇਕ ਅਨਾਲਾਈਨ ਪੋਰਟਲ ਰਾਹੀਂ ਭੇਜੀਆਂ ਜਾਣ।
- ਯੋਗ ਬਣਨ ਵਾਸਤੇ ਨਾਮਜ਼ਦ ਵਿਅਕਤੀ ਜ਼ਰੂਰ:
    - ਇਕ ਵਿਅਕਤੀ ਹੋਣ (ਕੋਈ ਗਰੁੱਪ ਜਾਂ ਸੰਸਥਾ ਨਹੀਂ)
    - ਐਲਬਰਟਾ ਸਰਕਾਰ ਦਾ ਇਹੋ ਜਿਹਾ ਹੋਰ ਇਨਾਮ ਨਾ ਪ੍ਰਾਪਤ ਕੀਤਾ ਹੋਵੇ
    - ਕੈਨੇਡਾ ਤੋਂ ਬਾਹਰ ਜਨਮੇ ਹੋਣ (ਪਰ ਕੈਨੇਡਾ 'ਚ ਕਈ ਸਾਲਾਂ ਤੋਂ ਰਹਿ ਰਹੇ ਹੋ ਸਕਦੇ ਹਨ)
    - ਕੈਨੇਡਾ ਦੇ ਪੱਕੇ ਵਸਨੀਕ ਜਾਂ ਸਿਟੀਜ਼ਨ ਹੋਣ
    - ਕੋਈ ਫੌਜਦਾਰੀ ਸਜ਼ਾ ਨਾ ਹੋਈ ਹੋਵੇ, ਜਿਸ ਬਾਰੇ ਵਿਚ ਮੁਆਫੀ ਨਾ ਪ੍ਰਾਪਤ ਹੋਈ ਹੋਵੇ
    - ਕੋਈ ਚੁਣਿਆ ਆਫੀਸ਼ੀਅਲ ਨਾ ਹੋਵੇ
    - ਨਾਮਜ਼ਦਗੀ ਦੇ ਸਮੇਂ ਐਲਬਰਟਾ 'ਚ ਵੱਸਦੇ ਹੋਣ
    - ਐਲਬਰਟਾ ਨੂੰ ਯੋਗਦਾਨ ਦਿੱਤਾ ਹੋਵੇ

**ਸਬੰਧਤ ਜਾਣਕਾਰੀ**

ਨਿਊਕਮਰ ਐਵਾਰਡਜ਼

**ਮਲਟੀਮੀਡੀਆ**

ਵੀਡੀਓ

**ਮੀਡੀਆ ਇੰਨਕੁਆਰੀਆਂ**

**Michael Kwas**
780-264-5368
ਪ੍ਰੈੱਸ ਸੈਕਰੇਟਰੀ, ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ

Classification: Public